**ਯੂਨੀਵਰਸਿਟੀ ਔਂਫ ਕੈਲੀਫੋਰਨੀਆ, ਸੈਨ ਫ੍ਰੈਨਸਿਸਕੋ**
**ਪ੍ਰਯੋਗ-ਅਧੀਨ ਪ੍ਰਤੀਭਾਗੀ ਦੇ**

# ਹੱਕਾਂ ਦਾ ਬਿਲ

ਹੇਠਾਂ ਦਿੱਤੇ ਗਏ ਹੱਕ ਹਰ ਉਸ ਵਿਅਕਤੀ ਦੇ ਹੱਕ ਹਨ ਜਿਸਨੂੰ ਇੱਕ ਖੋਜ ਅਧਿਐਨ 'ਚ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ। ਇੱਕ ਪ੍ਰਯੋਗ-ਅਧੀਨ ਪ੍ਰਤੀਭਾਗੀ ਦੇ ਤੌਰ 'ਤੇ, ਮੇਰੇ ਕੋਲ ਹੇਠਾਂ ਦਿੱਤੇ ਹੱਕ ਹੁੰਦੇ ਹਨ:

1) ਇਹ ਦੱਸਿਆ ਜਾਣਾ ਕਿ ਅਧਿਐਨ ਕੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ,
2) ਇਹ ਦੱਸਿਆ ਜਾਣਾ ਕਿ ਮੇਰੇ ਨਾਲ ਕੀ ਹੋਵੇਗਾ ਅਤੇ ਕੀ ਕੋਈ ਪ੍ਰਕਿਰਿਆ, ਦਵਾ, ਜਾਂ ਉਪਕਰਨ ਮਿਆਰੀ ਅਮਲ 'ਚ ਵਰਤੀ ਜਾਣ ਵਾਲੀ ਪ੍ਰਕਿਰਿਆ, ਦਵਾ, ਜਾਂ ਉਪਕਰਨ ਤੋਂ ਵੱਖ ਹੈ ਜਾਂ ਨਹੀਂ,
3) ਅਜਿਹੇ ਕੰਮਾਂ ਦੇ ਅਕਸਰ ਅਤੇ/ਜਾਂ ਮਹੱਤਵਪੂਰਨ ਜੋਖਮਾਂ, ਮਾੜੇ ਅਸਰਾਂ, ਜਾਂ ਬੇਅਰਾਮੀਆਂ ਬਾਰੇ ਦੱਸਿਆ ਜਾਣਾ ਜੋ ਖੋਜ ਦੇ ਮਕਸਦ ਨਾਲ ਮੇਰੇ ਨਾਲ ਕੀਤੇ ਜਾਣਗੇ,
4) ਇਸ ਬਾਰੇ ਦੱਸਿਆ ਜਾਣਾ ਕਿ ਕੀ ਮੈਂ ਹਿੱਸਾ ਲੈਣ ਵਜੋਂ ਕਿਸੇ ਫ਼ਾਇਦੇ ਦੀ ਉਮੀਦ ਕਰ ਸਕਦਾ/ਸਕਦੀ ਹਾਂ ਜਾਂ ਨਹੀਂ, ਅਤੇ ਜੇ ਹਾਂ, ਤਾਂ ਕੀ ਫਾਇਦਾ ਹੋ ਸਕਦਾ ਹੈ,
5) ਮੇਰੇ ਲਈ ਉਪਲਬਧ ਵਿਕਲਪਾਂ ਅਤੇ ਇਸ ਬਾਰੇ ਦੱਸਿਆ ਜਾਣਾ ਕਿ ਅਧਿਐਨ 'ਚ ਹਿੱਸਾ ਲੈਣ ਦੇ ਮੁਕਾਬਲੇ ਉਹ ਬੇਹਤਰ ਜਾਂ ਬਦਤਰ ਕਿੰਝ ਹੋ ਸਕਦੇ ਹਨ,
6) ਅਧਿਐਨ 'ਚ ਸ਼ਾਮਲ ਹੋਣ ਲਈ ਸਹਿਮਤੀ ਦੇਣ ਤੋਂ ਪਹਿਲਾਂ ਅਤੇ ਉਸਦੀ ਮਿਆਰ ਦੇ ਦੌਰਾਨ ਅਧਿਐਨ ਨਾਲ ਸਬੰਧਤ ਕੋਈ ਸਵਾਲ ਪੁੱਛਣ ਦੀ ਇਜਾਜ਼ਤ ਮਿਲਣਾ,
7) ਇਸ ਬਾਰੇ ਦੱਸਿਆ ਜਾਣਾ ਕਿ ਕੋਈ ਜਟਿਲਤਾਵਾਂ ਪੈਦਾ ਹੋਣ ’ਤੇ ਕਿਸ ਕਿਸਮ ਦਾ ਚਿਕਿਤਸਾ ਇਲਾਜ ਉਪਲਬਧ ਹੈ,
8) ਹਿੱਸਾ ਲੈਣ ਤੋਂ ਬਿਲਕੁੱਲ ਇਨਕਾਰ ਕਰਨਾ ਜਾਂ ਅਧਿਐਨ ਸ਼ੁਰੂ ਹੋਣ ਤੋਂ ਬਾਅਦ ਹਿੱਸਾ ਲੈਣ ਬਾਰੇ ਆਪਣਾ ਵਿਚਾਰ ਬਦਲਣਾ। ਇਹ ਫ਼ੈਸਲਾ ਉਹ ਦੇਖਭਾਲ ਪ੍ਰਾਪਤ ਕਰਨ ਦੇ ਮੇਰੇ ਹੱਕ ’ਤੇ ਕੋਈ ਅਸਰ ਨਹੀਂ ਕਰੇਗਾ ਜੋ ਮੈਨੂੰ ਅਧਿਐਨ 'ਚ ਹਿੱਸਾ ਨਾ ਲੈਣ 'ਤੇ ਪ੍ਰਾਪਤ ਹੁੰਦੀ,
9) ਰਜ਼ਾਮੰਦੀ ਫ਼ਾਰਮ ਦੀ ਦਸਤਖ਼ਤ ਕੀਤੀ ਅਤੇ ਮਿਤੀ ਪਾਈ ਗਈ ਕਾਪੀ ਪ੍ਰਾਪਤ ਕਰਨਾ,
10) ਮੈਂ ਅਧਿਐਨ 'ਚ ਹਿੱਸਾ ਲੈਣ ਲਈ ਸਹਿਮਤ ਹੋਣਾ ਚਾਹੁੰਦਾ/ਚਾਹੁੰਦੀ ਹਾਂ ਜਾਂ ਨਹੀਂ ਇਸ ਬਾਰੇ ਸੋਚਦੇ ਹੋਏ ਦਬਾਉ ਤੋਂ ਮੁਕਤ ਹੋਣਾ।

ਮੇਰਾ ਅਧਿਐਨ ਡਾਕਟਰ ਮੈਨੂੰ ਦੱਸੇਗਾ ਕਿ, ਕੀ ਖੋਜ ਅਧਿਐਨ ਨੂੰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫਡੀਏ) ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਅਧਿਐਨ ਫੈਡਰਲ ਫੂਡ, ਡਰੱਗ, ਐਂਡ ਕੋਸਮੈਟਿਕ ਐਕਟ (ਐਫਡੀ ਐਂਡ ਸੀ ਅਧਿਨਿਯਮ) ਦੇ ਤਹਿਤ ਐਫਡੀਏ ਦੁਆਰਾ ਨਿਯੰਤ੍ਰਿਤ ਹੈ, ਐਫਡੀਏ ਅਧਿਐਨ ਵਿੱਚ ਮੇਰੀ ਭਾਗੀਦਾਰੀ ਨਾਲ ਜੁੜੇ ਸਾਰੇ ਰਿਕਾਰਡਾਂ ਦੀ ਜਾਂਚ-ਪੜਤਾਲ ਕਰ ਸਕਦੇ ਹਨ ਅਤੇ ਨਕਲ ਕਰ ਸਕਦੇ ਹਨ।

---

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਤਾਂ ਤੁਹਾਨੂੰ ਖੋਜਕਾਰ ਜਾਂ ਖੋਜ ਸਹਾਇਕ ਤੋਂ ਪੁੱਛਣੇ ਚਾਹੀਦੇ ਹਨ। ਇਸਦੇ ਅਤਿਰਿਕਤ, ਤੁਸੀਂ ਸੰਸਥਾਗਤ ਸਮੀਖਿਆ ਬੋਰਡ (ਆਈਆਰਬੀ) ਨਾਲ ਸੰਪਰਕ ਕਰ ਸਕਦੇ ਹੋ, ਜੋ ਖੋਜ ਪਰਿਯੋਜਨਾਵਾਂ ਵਿੱਚ ਭਾਗੀਦਾਰਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਤੁਸੀਂ ਆਈਆਰਬੀ (ਸੰਸਥਾਗਤ ਸਮੀਖਿਆ ਬੋਰਡ) ਦੇ ਦਫਤਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ ੮:੦੦ ਵਜੇ ਤੋਂ ਸ਼ਾਮ ੫:੦੦ ਵਜੇ: (੪੧੫) ੪੭੬-੧੮੧੪ ‘ਤੇ ਕਾਲ ਕਰਕੇ, ਜਾਂ UCSF Human Research Protection Program, Box 1288, 490 Illinois Street, Floor 6, San Francisco, CA 94143 ੯੪੧੪੩, ‘ਤੇ ਚਿੱਠੀ ਪਾ ਕੇ ਜਾਂ irb@ucsf.edu ‘ਤੇ ਈਮੇਲ ਭੇਜ ਕੇ ਸੰਪਰਕ ਕਰ ਸਕਦੇ ਹੋ। ਅਨੁਵਾਦ ਉੱਤੇ ਜਾਣਕਾਰੀ ਲਈ (੪੧੫) ੪੭੬-੧੮੧੪ ‘ਤੇ ਕਾਲ ਕਰੋ ਜਾਂ irb@ucsf.edu ‘ਤੇ ਈਮੇਲ ਕਰੋ।

ਰਜ਼ਾਮੰਦੀ ਦੇ ਹਿੱਸੇ ਮੂੰਹਜ਼ਬਾਨੀ ਪੇਸ਼ ਕੀਤੇ ਗਏ ਸਨ।

ਭਾਗੀਦਾਰ ਦਾ ਨਾਂ

ਰਜ਼ਾਮੰਦੀ ਲਈ ਭਾਗੀਦਾਰ ਦੇ ਹਸਤਾਖਰ

ਮਾਤਾ-ਪਿਤਾ ਜਾਂ ਕਨੂੰਨੀ ਤੌਰ 'ਤੇ ਅਧਿਕਾਰਤ ਪ੍ਰਤੀਨਿਧੀ

ਗਵਾਹ ਦੇ ਹਸਤਾਖਰ

ਮਿਤੀ